ਦਫਤਰ ਸਕੱਤਰ ਸਿੰਚਾਈ, ਪੰਜਾਬ

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਉਦਯੋਗ ਵਿਭਾਗ,
ਚੰਡੀਗੜ੍ਹ।

ਨੰ.ਨਿ.ਸ./ਸ.ਸਿੰ./2015/5356 ਚੰਡੀਗੜ੍ਹ, ਮਿਤੀ 26.11.2015

ਵਿਸ਼ਾ :- ਪੰਜਾਬ ਦੇ ਮਾਇਨਿੰਗ ਵਿਭਾਗ ਵਲੋਂ ਪੰਜਾਬ ਦੇ ਦਰਿਆਵਾਂ ਵਿੱਚੋਂ ਰੇਤਾ ਕੱਢਣ ਲਈ ਕੀਤੀ ਜਾ ਰਹੀ ਆਕਸ਼ਨ ਸਬੰਧੀ।

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਦਰਿਆਵਾਂ ਦੀ ਧਰਤੀ ਹੋਣ ਕਾਰਨ ਬਰਸਾਤ ਦੇ ਦਿਨਾਂ ਵਿੱਚ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ, ਜਿਸ ਨੂੰ ਕਾਬੂ ਹੇਠ ਰੱਖਣ ਲਈ ਸਿੰਚਾਈ ਵਿਭਾਗ (ਜਲ ਨਿਕਾਸ ਵਿੰਗ) ਵਲੋਂ ਦਰਿਆਵਾਂ ਦੇ ਬੰਧਾਂ ਦੀ ਮਜਬੂਤੀ, ਦਰਿਆਵਾਂ ਦੀ ਡੀਸਿਲਟਿੰਗ ਲਈ ਸਮੇਂ ਸਮੇਂ ਉਪਰਾਲੇ ਕੀਤੇ ਜਾਂਦੇ ਹਨ।

2. ਮਾਈਨਿੰਗ ਵਿਭਾਗ ਵਲੋਂ ਦਰਿਆਵਾਂ ਵਿਚੋਂ River Bed Material (RBM) ਦੀ ਮਾਈਨਿੰਗ ਕਰਵਾਈ ਜਾ ਰਹੀ ਹੈ ਜਿਸ ਸਬੰਧੀ ਬੇਨਤੀ ਹੈ ਕਿ ਇਹ ਮਾਇਨਿੰਗ ਕਰਨ ਸਮੇਂ ਹੇਠ ਲਿਖੇ ਅਨੁਸਾਰ ਯਕੀਨੀ ਬਣਾਇਆ ਜਾਵੇ :-

1. ਦਰਿਆਵਾਂ ਵਿੱਚ ਕਿਸੇ ਵੀ ਥਾਂ ਤੇ wet dredging ਨਾ ਕੀਤੀ ਜਾਵੇ ਕਿਉਂਕਿ wet dredging ਕਰਦੇ ਸਮੇਂ ਦਰਿਆਵਾਂ ਦੇ ਬੈੱਡ ਲੈਵਲ ਤੋਂ ਹੇਠਾਂ ਤੱਕ ਵਾਧੂ RBM ਕੱਢਿਆ ਜਾ ਸਕਦਾ ਹੈ ਜਿਸ ਨਾਲ ਦਰਿਆਵਾਂ ਦੇ ਫਲੱਡ ਪ੍ਰੋਟੈਕਸ਼ਨ ਸਿਸਟਮ ਅਤੇ ਦਰਿਆਵਾਂ ਦੇ regimeਤੇ ਉਲਟਾ ਅਸਰ ਪੈ ਸਕਦਾ ਹੈ। ਜਿਸ ਨਾਲ ਬਹੁਤ ਵੱਡੇ ਪੱਧਰ ਤੇ ਜਾਨੀ/ਮਾਲੀ ਨੁਕਸਾਨ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ।

2. Wet dredging ਤੋਂ ਬਿਨਾ ਵੀ ਹੋਰ ਥਾਵਾਂ ਤੇ ਦਰਿਆਵਾਂ ਦਾ RBM ਕੱਢਦੇ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਹਾਲਤ ਵਿੱਚ ਦਰਿਆਵਾਂ ਦੇ ਬੈੱਡ ਲੈਵਲ ਤੋਂ ਹੇਠਾਂ RBMਨਾ ਕੱਢਿਆ ਜਾਵੇ।

3. ਕਿਉਂਕਿ ਹੜ੍ਹ ਰੋਕੂ ਪ੍ਰਬੰਧ ਦੇ ਤੰਤਰ ਅਧੀਨ ਪੰਜਾਬ ਦੇ ਦਰਿਆਵਾਂ ਦੇ ਬੰਧ ਬਣਾਏ ਗਏ ਹਨ ਅਤੇ ਇਨ੍ਹਾਂ ਬੰਧਾਂ ਦੇ 100 ਮੀਟਰ ਤੱਕ ਕੋਈ ਮੀਈਨਿੰਗ ਨਾ ਕੀਤੀ ਜਾਵੇ ਤਾਂ ਜੋ ਦਰਿਆਵਾਂ ਦੇ ਬੰਧਾਂ ਦੀ ਮਜਬੂਤੀ ਤੇ ਕੋਈ ਉਲਟਾ ਅਸਰ ਨਾ ਪਵੇ।

2. ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਦਰਿਆਵਾਂ ਦੀ ਬਿਡਿੰਗ ਕਰਦੇ ਸਮੇਂ ਸਬੰਧਤ ਠੇਕੇਦਾਰ ਤੋਂ ਯਕੀਨੀ ਬਣਵਾਇਆ ਜਾਵੇ ਕਿ ਉਹ ਕਿਸੇ ਵੀ ਹਾਲਤ ਵਿੱਚ wet dredging ਨਾ ਕਰਨ ਅਤੇ ਦਰਿਆਵਾਂ ਦੇ ਬੈਡ ਲੈਵਲ ਤੋਂ ਹੇਠਾਂ RBM ਦੀ ਮਾਈਨਿੰਗ ਨਾ ਕਰਨ ਅਤੇ ਇਹ ਮਾਈਨਿੰਗ ਦਰਿਆਵਾਂ ਦੇ ਬੰਧ ਤੋਂ 100 ਮੀਟਰ ਦੂਰ ਕੀਤੀ ਜਾਵੇ।

ਸਕੱਤਰ ਸਿੰਚਾਈ

ਪਿੱਠ ਅੰਕਣ ਨੰ:ਨਿ.ਸ./ਸ.ਸਿੰ./2015/5357-60 ਚੰਡੀਗੜ੍ਹ ਮਿਤੀ 26.11.2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਮਾਈਨਿੰਗ, ਪੰਜਾਬ ਚੰਡੀਗੜ੍ਹ।
2. ਸਮੂਹ ਡਿਪਟੀ ਕਮਿਸ਼ਨਰ (ਪੰਜਾਬ ਰਾਜ ਵਿੱਚ) ।
3. ਮੁੱਖ ਇੰਜੀਨੀਅਰ ਜਲ ਨਿਕਾਸ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਹ ਯਕੀਨੀ ਬਣਾਉਣ ਲਈ ਕਿ ਦਰਿਆਵਾਂ ਦੀ ਉਕਤ ਅਨੁਸਾਰ ਕਰਵਾਈ ਜਾ ਰਹੀ ਮਾਈਨਿੰਗ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਦਰਿਆਵਾਂ ਦੇ ਬੈਡ ਲੈਵਲ ਤੋਂ ਹੇਠਾਂ ਮਾਈਨਿੰਗ ਨਾ ਕੀਤੀ ਹੋਵੇ ਅਤੇ ਦਰਿਆਵਾਂ ਦੇ ਬੰਧਾਂ ਤੋਂ 100 ਮੀਟਰ ਦੂਰ ਹੀ ਮਾਈਨਿੰਗ ਹੋਵੇ।
4. ਸਮੂਹ ਨਿਗਰਾਨ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ ਨੂੰ ਉਕਤ ਅਨੁਸਾਰ ਦੱਸੀਆਂ ਹਦਾਇਤਾਂ ਦੀ ਪਾਲਣਾ ਹਿੱਤ।

ਸਕੱਤਰ ਸਿੰਚਾਈ